# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ. 21978 /ਸੀ.ਓ.ਈ.

ਮਿਤੀ 10/09/2024

ਵਿਸ਼ਾ:- NEP, 2020 ਅਧੀਨ ਆਉਂਦੇ ਅੰਡਰ-ਗਰੈਜੂਏਟ ਕੋਰਸਾਂ ਬਾਰੇ 02 ਸਤੰਬਰ, 2024 ਨੂੰ ਹੋਏ ਫੈਸਲੇ ਸਬੰਧੀ।

NEP, 2020 ਅਧੀਨ ਆਉਂਦੇ ਕੋਰਸਾਂ ਦੀਆਂ ਪ੍ਰੀਖਿਆਵਾਂ ਸਬੰਧੀ ਮੁੱਦਿਆਂ ਬਾਰੇ 02 ਸਤੰਬਰ, 2024 ਨੂੰ ਹੋਈ ਮੀਟਿੰਗ ਦੇ ਫੈਸਲਿਆਂ ਦੀ ਇਕੱਤਰਤਾ ਦੀ ਕਾਰਵਾਈ ਵਿੱਚ ਹਾਜਰ ਮੈਂਬਰ ਤੋਂ ਹਸਤਾਖਰ ਕਰਵਾ ਕੇ ਡੀਨ, ਅਕਾਦਮਿਕ ਮਾਮਲੇ ਦੀ ਪੁਸ਼ਟੀ ਉਪਰੰਤ ਆਪ ਜੀ ਨੂੰ ਭੇਜੀ ਜਾਂਦੀ ਹੈ। ਇਸ ਬਾਰੇ ਜਾਣਕਾਰੀ ਸਾਰੇ ਕਾਲਜਾਂ ਨੂੰ ਜਲਦ ਤੋਂ ਜਲਦ ਦੇ ਦਿੱਤੀ ਜਾਵੇ ਜੀ ਕਿਉਂਕਿ ਕਾਲਜਾਂ ਵਿੱਚ already ਪੜ੍ਹਾਈ ਜਾਰੀ ਹੋ ਚੁੱਕੀ ਹੈ।।

10/09/24

**ਕੰਟਰੋਲਰ (ਪ੍ਰੀਖਿਆਵਾਂ)**

**ਡੀਨ, ਕਾਲਜ ~~ਵਿਕਾਸ~~ ਕੌਂਸਿਲ**

1. Pls. upload on portal and circulate among affiliated colleges via e-mail and Whatsapp.
2. Also share a copy to Director - Constituent Colleges

10/09/2024

Office Asstt

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

02 ਸਤੰਬਰ, 2024 ਨੂੰ ਸਿੰਡੀਕੇਟ ਰੂਮ ਵਿਖੇ NEP ਦੇ ਨਾਲ ਸਬੰਧਤ ਡੀਨ ਅਕਾਦਮਿਕ ਮਾਮਲੇ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਹੇਠ ਲਿਖੇ ਮੈਂਬਰ ਸਾਹਿਬਾਨਾਂ ਦੀ ਹਾਜਰੀ ਵਿਚ ਹੇਠਾਂ ਅਨੁਸਾਰ ਦਿੱਤੇ ਸੁਝਾਵਾਂ ਨੂੰ ਪਾਸ ਕੀਤਾ ਗਿਆ।

**ਹਾਜ਼ਰ ਮੈਂਬਰ ਸਾਹਿਬਾਨ:-**

1. ਡੀਨ ਅਕਾਦਮਿਕ ਮਾਮਲੇ (ਚੇਅਰਮੈਨ)
2. ਡੀਨ,ਕਾਲਜ ਵਿਕਾਸ ਕੌਂਸਲ
3. ਸਮੂਹ ਡੀਨ, ਫੈਕਲਟੀਜ਼
4. ਡਾਇਰੈਕਟਰ, ਕਾਂਸਟੀਚੂਐਂਟ ਕਾਲਜਾਂ
5. ਕੰਟਰੋਲਰ (ਪ੍ਰੀਖਿਆਵਾਂ)
6. ਨੋਡਲ ਅਫਸਰ, NEP
7. ਸਹਾਇਕ ਰਜਿਸਟਰਾਰ (ਮੀਟਿੰਗਜ਼)

1. NEP ਦੇ ਨਾਲ ਸਬੰਧਤ ਬੀ.ਏ., ਬੀ. ਐਸ.ਸੀ.,ਬੀ.ਕਾਮ ਅਤੇ ਹੋਰ ਅੰਡਰ ਗ੍ਰੇਜੂਏਟ ਕੋਰਸਾਂ ਵਿਚ 02 ਕ੍ਰੈਡਿਟ ਵਾਲੇ ਸਾਰੇ ਵਿਸ਼ਿਆ ਦਾ ਪੇਪਰ ਸਬੰਧਤ ਕਾਲਜ ਆਪਣੇ ਪੱਧਰ ਉਪਰ ਕਰਵਾਏਗਾ।ਇਹ ਪੇਪਰ 02 ਕ੍ਰੈਡਿਟ ਦਾ ਹੋਣ ਕਰਕੇ 1 ਘੰਟਾ 30 ਮਿੰਟ ਦੀ ਅਵਧੀ ਦਾ ਹੋਵੇਗਾ।ਇਨ੍ਹਾਂ ਪੇਪਰਾਂ ਦੀ ਡੇਟ-ਸ਼ੀਟ ਸੈਂਟਰਲ ਲੈਵਲ ਤੇ ਪ੍ਰੀਖਿਆ ਸ਼ਾਖਾ ਵੱਲੋਂ ਸਾਰੇ ਕਾਲਜਾਂ ਲਈ ਜਾਰੀ ਕੀਤੀ ਜਾਵੇਗੀ। ਇਨ੍ਹਾਂ ਵਿਸ਼ਿਆ ਦੇ ਪ੍ਰਸ਼ਨ ਪੱਤਰ ਵੀ ਕਾਲਜ ਆਪਣੇ ਪੱਧਰ ਤੇ ਤਿਆਰ ਕਰਵਾਏਗਾ। ਪੇਪਰ ਕਰਵਾਉਣ ਉਪਰੰਤ ਇਨ੍ਹਾਂ ਦੀ ਚੈਕਿੰਗ ਤੋਂ ਬਾਅਦ ਅਵਾਰਡ ਕਾਲਜ ਪ੍ਰੀਖਿਆ ਸ਼ਾਖਾ ਦੇ ਪੋਰਟਲ ਤੇ ਪੇਪਰ ਹੋਣ ਉਪਰੰਤ 20 ਦਿਨਾਂ ਦੇ ਅੰਦਰ ਅੰਦਰ ਅਪਲੋਡ ਕਰਵਾਏਗਾ।
2. ਉਪਰੋਕਤ 02 ਕ੍ਰੈਡਿਟ ਵਾਲੇ ਸਾਰੇ ਵਿਸ਼ਿਆ ਲਈ ਕੋਈ ਵੀ ਰੀ- ਚੈਕਿੰਗ/ਰੀ-ਇਵੈਲੂਏਸ਼ਨ ਦੀ ਵਿਵਸਥਾ ਨਹੀਂ ਹੋਵੇਗੀ। ਕਾਲਜ ਅਵਾਰਡ ਪ੍ਰੀਖਿਆ ਸ਼ਾਖਾ ਦੇ ਪੋਰਟਲ ਤੇ ਅਪਲੋਡ ਕਰਨ ਤੋਂ ਪਹਿਲਾਂ ਆਪਣੇ ਪੱਧਰ ਤੇ ਇੱਕ ਮਿਥੇ ਸ਼ਡਿਊਲ ਅਨੁਸਾਰ ਉਪਰੋਕਤ ਪੇਪਰਾਂ ਦੀਆਂ ਉਤਰ ਕਾਪੀਆਂ ਆਪਣੇ ਵਿਦਿਆਰਥੀਆਂ ਨੂੰ ਦਿਖਾਉਣ ਦਾ ਇੰਤਜਾਮ ਕਰੇਗਾ।
3. ਜਿਵੇਂ ਕਿ NEP ਦੇ ਅਧੀਨ ਸਾਰੇ ਅੰਡਰ ਗ੍ਰੇਜੂਏਟ ਕੋਰਸਾਂ ਵਿੱਚ ਪੰਜਾਬੀ ਕੰਪਲਸਰੀ ਦਾ ਵਿਸ਼ਾ ਵੀ ਹਰ ਸਮੈਸਟਰ ਵਿਚ ਪੜ੍ਹਾਇਆ ਜਾਣਾ ਹੈ। ਇਸ ਸਬੰਧੀ ਵੀ ਇਹ ਫੈਸਲਾ ਲਿਆ ਗਿਆ ਕਿ ਸੈਸ਼ਨ 2024-2025 (ਦਸੰਬਰ,2024 ਅਤੇ ਮਈ, 2025) ਦੌਰਾਨ ਇਹ ਪੇਪਰ ਵੀ ਕਾਲਜ ਆਪਣੇ ਪੱਧਰ ਤੇ ਕਰਵਾਕੇ ਇਸ ਦੀ ਅਵਾਰਡ ਵੀ ਪ੍ਰੀਖਿਆ ਸ਼ਾਖਾ ਦੇ ਪੋਰਟਲ ਤੇ ਪੇਪਰ ਹੋਣ ਉਪਰੰਤ 20 ਦਿਨਾਂ ਦੇ ਅੰਦਰ ਅੰਦਰ ਅਪਲੋਡ ਕਰਵਾਏਗਾ। ਇਸ ਪੇਪਰ ਦੀ ਡੇਟ-ਸ਼ੀਟ ਵੀ ਸੈਂਟਰਲ ਲੈਵਲ ਤੇ ਪ੍ਰੀਖਿਆ ਸ਼ਾਖਾ ਵਲੋਂ ਸਾਰੇ ਕਾਲਜਾਂ ਲਈ ਜਾਰੀ ਕੀਤੀ ਜਾਵੇਗੀ। ਪੰਜਾਬੀ ਕੰਪਲਸਰੀ ਦਾ ਪ੍ਰਸ਼ਨ ਪੱਤਰ ਕੰਨਫੀਡੈਂਸ਼ਲ ਬ੍ਰਾਂਚ ਵਲੋਂ ਜਾਰੀ ਕਰਵਾਇਆ ਜਾਵੇਗਾ।
4. ਉਪਰੋਕਤ ਲੜੀ ਨੰਬਰ 1 ਅਤੇ 3 ਅਨੁਸਾਰ ਕਰਵਾਏ ਜਾਣ ਵਾਲੇ ਪੇਪਰਾਂ ਦੀ ਡੇਟ-ਸ਼ੀਟ ਸਮੈਸਟਰ ਦੀ ਡੇਟ ਸ਼ੀਟ ਦੀਆਂ ਮਿਤੀਆਂ ਤੋਂ ਇਕ ਹਫਤਾ ਪਹਿਲਾਂ ਹੀ ਜਾਰੀ ਕਰ ਦਿੱਤੀ ਜਾਵੇਗੀ।
5. ਸੈਸ਼ਨ 2024-2025 ਤੋਂ ਕਾਲਜਾਂ ਵਿੱਚ ਗ੍ਰੇਜੂਏਸ਼ਨ ਦੀਆਂ ਆਨਰਜ਼ ਅਤੇ ਬਿਨਾਂ ਆਨਰਜ਼ ਦੀਆਂ ਕਲਾਸਾਂ ਵਿੱਚ ਪਹਿਲੇ ਤਿੰਨ ਸਾਲਾਂ ਦੌਰਾਨ ਕੋਈ ਅੰਤਰ ਨਹੀਂ ਹੋਵੇਗਾ। ਇਸ ਤੋਂ ਇਲਾਵਾ ਜਿਹੜੇ ਵਿਦਿਆਰਥੀ ਚੌਥੇ ਸਾਲ ਦੀ ਪੜ੍ਹਾਈ ਲਗਾਤਾਰਤਾ ਵਿੱਚ ਜਾਰੀ ਰੱਖਣਗੇ, ਉਨਾਂ ਵਿਦਿਆਰਥੀਆਂ ਨੂੰ ਹੀ ਗ੍ਰੇਜੂਏਸ਼ਨ (ਆਨਰਜ਼) ਦੀ ਡਿਗਰੀ ਜਾਰੀ ਕੀਤੀ ਜਾਵੇਗੀ।

ਸਹਾਇਕ ਰਜਿਸਟਰਾਰ (ਮੀਟਿੰਗ) | ਨੋਡਲ ਅਫ਼ਸਰ, NEP | ਡਾਇਰੈਕਟਰ, ਯੋਜਨਾ ਤੇ ਨਿਰਖੀਣ ਸੈੱਲ

ਡਾਇਰੈਕਟਰ, ਕਾਂਸਟੀਚੂਐਂਟ ਕਾਲਜਾਂ | ਐਡ. ਕੰਟਰੋਲਰ (ਪ੍ਰੀਖਿਆਵਾਂ) | ਕੰਟਰੋਲਰ (ਪ੍ਰੀਖਿਆਵਾਂ)

ਡੀਨ, ਆਰਟਸ ਅਤ ਸੱਭਿਆਚਾਰ ਫੈਕਲਟੀ | ਡੀਨ ਭਾਸ਼ਾਵਾਂ ਫੈਕਲਟੀ | ਡੀਨ, ਕਾਨੂੰਨ ਫੈਕਲਟੀ

ਡੀਨ, ਸੋਸ਼ਲ ਸਾਇੰਸਜ਼ ਫੈਕਲਟੀ | ਡੀਨ, ਇੰਜੀਨੀਅਰਿੰਗ ਵਿਭਾਗ | ਡੀਨ, ਲਾਈਫ ਸਾਇੰਸ

ਡੀਨ, ਕੰਪਿਊਟਿੰਗ ਸਾਇੰਸਜ਼ | ਡੀਨ, ਮੈਡੀਸਨ | ਡੀਨ, ਐਜੂਕੇਸ਼ਨ ਅਤੇ ਇਨ. ਸਾਇੰਸ

ਡੀਨ, ਬਿਜਨੈਸ ਸਟੱਡੀਜ਼ | ਡੀਨ, ਫਿਜੀਕਲ ਸਾਇੰਸਜ | ਡੀਨ, ਕਾਲਜ ਵਿਕਾਸ ਕੌਂਸਲ

10/09/2024

ਡੀਨ, ਅਕਾਦਮਿਕ ਮਾਮਲੇ